# GOVERNMENT MOHINDRA COLLEGE PATIALA

(Affiliated to Punjabi University, Patiala)

**NAAC ACCREDITED GRADE A+ CYCLE-I**

**NAAC REACCREDITED GRADE A (CGPA 3.86) CYCLE-II**

**AISHE CODE: C-22146**

# INTERNAL QUALITY ASSURANCE CELL (IQAC)

**AMARJIT SINGH (PES-I)**
**Principal**

**LOVELEEN PARMAR**
IQAC Coordinator

**MOHAMMAD SOHAIL**
IQAC Co-Coordinator


**Contact:**
Telephone: 0175-2321695
Website:https://govtmohindracollege.in/
email:gcmohindrapatiala@gmail.com

INTERNAL QUALITY ASSURANCE CELL

# IQAC

# GOVERNMENT MOHINDRA COLLEGE,

## PATIALA

**Supporting Documents/Additional Information**

**Title 2.1and 2.1.2 Student Enrolment and Profile:**

**Table of Contents:**


| S.No. | Description | Page No. |
|---|---|---|
| 1. | Letter from Punjabi University Patiala allowing colleges to admit 15% more students than the sanctioned strength. | 3-11 |
| 2. | Kindly see point no. 22 on Page number 9 | 11 |

13/c

ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)
(ਕਾਲਜ ਸੈਕਸ਼ਨ)

ਨੰ. 7687 /ਕਾਲਜਾਂ/ਸ-1
ਮਿਤੀ 19/5/23 /2023

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ ਦੇ
ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2023-24 ਦੌਰਾਨ ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ/ ਕਾਂਸਟੀਚੂਐਂਟ ਕਾਲਜਾਂ ਲਈ ਦਾਖਲਿਆਂ ਨਾਲ ਸਬੰਧਤ ਜ਼ਰੂਰੀ ਨੁਕਤੇ/ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2022-23 ਦੌਰਾਨ ਦਾਖਲਾ ਸ਼ਡਿਊਲ ਨਾਲ ਸਬੰਧਤ ਜ਼ਰੂਰੀ ਨੁਕਤੇ/ਹਦਾਇਤਾਂ ਨਿਮਨਲਿਖਤ ਅਨੁਸਾਰ ਹਨ :

A. ਸੈਸ਼ਨ 2023-24 ਤੋਂ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 14 ਦਿਨਾਂ ਦੇ ਅੰਦਰ-ਅੰਦਰ ਪੁਨਰ ਮੁਲਾਂਕਣ ਲਈ ਅਪਲਾਈ ਕਰਨਾ ਲਾਜ਼ਮੀ ਹੋਵੇਗਾ।
B. ਵਿਦਿਆਰਥੀਆਂ ਦੀ ਇੰਟਰਨਲ ਅਸੈਸਮੈਂਟ ਅਤੇ ਅਵਾਰਡ ਆਨ-ਲਾਈਨ ਅਪਲਾਈ ਕਰਨ ਦੀ ਕਾਰਵਾਈ ਕੰਟਰੋਲਰ (ਪ੍ਰੀਖਿਆਵਾਂ) ਵਲੋਂ ਕੀਤੀ ਜਾਵੇਗੀ।
C. ਪ੍ਰੀਖਿਆ ਫਾਰਮ ਭਰਨ ਦੀ ਆਖਰੀ ਮਿਤੀ ਨਿਸਚਿਤ ਕਰਨ ਸਬੰਧੀ ਕਾਰਵਾਈ ਕੰਟਰੋਲਰ(ਪ੍ਰੀਖਿਆਵਾਂ) ਵਲੋਂ ਕੀਤੀ ਜਾਵੇਗੀ।

ਜੇਕਰ ਕੋਈ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਰਾਹੀਂ ਕੋਈ ਕੋਰਸ/ਡਿਗਰੀ ਕਰ ਰਹੇ ਹਨ ਅਤੇ ਕਾਲਜ ਵਿਖੇ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਉਹ ਡਿਸਟੈਂਸ ਐਜੂਕੇਸ਼ਨ ਵਿਭਾਗ ਤੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਦਾਖਲਾ ਲੈ ਸਕਦੇ ਹਨ ਅਤੇ ਇਸੇ ਤਰ੍ਹਾਂ ਹੀ ਜੇਕਰ ਕੋਈ ਕਾਲਜ ਦਾ ਰੈਗੂਲਰ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਵਿਭਾਗ ਰਾਹੀਂ ਕੋਰਸ/ਡਿਗਰੀ ਕਰਨਾ ਚਾਹੁੰਦਾ ਹੈ ਤਾਂ ਉਹ ਕਾਲਜ ਪਾਸੋਂ ਕੋਈ ਇਤਰਾਜ਼ ਨਹੀਂ ਸਰਟੀਫਿਕੇਟ ਲੈਣ ਉਪਰੰਤ ਹੀ ਦਾਖਲਾ ਲੈ ਸਕਦਾ ਹੈ। ਇਨ੍ਹਾਂ ਦੀ ਪਾਤਰਤਾ ਸ਼ਰਤਾ ਚੈੱਕ ਕਰਨ ਦੀ ਜ਼ਿੰਮੇਵਾਰੀ ਸਬੰਧਤ ਸੰਸਥਾ/ਕਾਲਜ ਦੀ ਹੋਵੇਗੀ। ਅਜਿਹੇ ਵਿਦਿਆਰਥੀਆਂ(ਕੇਵਲ ਸਮੈਸਟਰ ਪ੍ਰਣਾਲੀ) ਨੂੰ ਸਿਲੇਬਸ ਬਰਾਬਰ/ਇਕ ਸਮਾਨ ਹੋਣ ਦੀ ਸੂਰਤ ਵਿੱਚ ਕੋਈ ਵੀ ਡੈਫੀਸ਼ੈਂਟ ਪੇਪਰ ਪਾਸ ਕਰਨਾ ਨਹੀਂ ਹੋਵੇਗਾ ਪਰੰਤੂ ਜੇਕਰ ਸਿਲੇਬਸ ਇੱਕ ਸਮਾਨ ਨਹੀਂ ਹੈ ਤਾਂ ਡੈਫੀਸ਼ੈਂਟ ਪੇਪਰ ਪਾਸ ਕਰਨੇ ਹੋਣਗੇ।

1. ਸੈਸ਼ਨ 2023-24 ਤੋਂ 10+2 ਵਿੱਚੋਂ ਰੀ-ਅਪੀਅਰ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲੇ ਦੀ ਸੁਵਿਧਾ ਨਹੀਂ ਹੋਵੇਗੀ, ਪਰੰਤੂ ਨਿਰਧਾਰਿਤ ਮਿਤੀਆ ਤੱਕ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖਲਾ ਦਿੱਤਾ ਜਾ ਸਕਦਾ ਹੈ ਪਰੰਤੂ ਇਸ ਦੀ ਪ੍ਰਵਾਨਗੀ ਉਕਤ ਮਿਤੀਆ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ। ਜੇਕਰ ਕੋਈ ਕਾਲਜ ਕਿਸੇ ਵੀ ਕਲਾਸ ਵਿੱਚ ਅਯੋਗ ਵਿਦਿਆਰਥੀ ਦਾ ਦਾਖਲਾ ਕਰਦਾ ਹੈ ਤਾਂ ਅਜਿਹੇ ਅਯੋਗ ਵਿਦਿਆਰਥੀਆਂ ਦੇ ਦਾਖਲੇ ਦੀ ਪ੍ਰਵਾਨਗੀ ਕਿਸੇ ਵੀ ਸੂਰਤ ਵਿਚ ਨਹੀਂ ਦਿੱਤੀ ਜਾਵੇਗੀ ਵਿਦਿਆਰਥੀ ਦਾ ਦਾਖਲਾ ਰੱਦ ਕਰਦੇ ਹੋਏ ਕਾਲਜ ਵਿਰੁੱਧ ਸਖਤ ਕਾਰਵਾਈ ਕਰਦੇ ਹੋਏ ਵਿਦਿਆਰਥੀਆਂ ਦੀ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਈ ਗਈ ਫੀਸ/ਲੇਟ ਫੀਸ ਰੀਫੰਡ/ਐਡਜੈਸਟ ਨਹੀਂ ਕੀਤੀ ਜਾਵੇਗੀ ਅਤੇ ਕਾਲਜ ਨੂੰ 50,000/-ਰੁ: ਪ੍ਰਤੀ ਵਿਦਿਆਰਥੀ ਜੁਰਮਾਨਾ ਲਗਾਇਆ ਜਾਵੇਗਾ। ਵਿਦਿਆਰਥੀ ਦਾ ਦਾਖਲਾ ਰੱਦ ਹੋਣ ਦੀ ਸੂਰਤ ਵਿੱਚ ਕੋਰਟ ਕੇਸ ਹੁੰਦਾ ਹੈ ਤਾਂ ਇਸ ਦੀ ਸਾਰੀ ਜਿੰਮੇਵਾਰੀ ਕਾਲਜ/ਮਿਨੇਜਮੈਂਟ ਦੀ ਹੋਵੇਗੀ।

2. ਬੀ.ਏ ਸਮੈਸਟਰ (ਪਹਿਲਾ) ਵਿੱਚ ਇੱਕ ਚੋਣਵਾਂ ਵਿਸ਼ਾ ਦਾਖਲੇ ਦੀ ਮਿਤੀ ਤੋਂ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਕਾਲਜ ਪੱਧਰ ਤੇ ਹੀ ਬਦਲਣ ਦੀ ਸੁਵਿਧਾ ਹੋਵੇਗੀ। ਇਸ ਉਪਰੰਤ ਬੀ.ਏ ਦੇ ਕਿਸੇ ਵੀ ਸਮੈਸਟਰ ਵਿੱਚ ਵਿਸ਼ਾ ਬਦਲਣ ਦੀ ਪ੍ਰਵਾਨਗੀ ਨਹੀਂ ਹੋਵੇਗੀ ਅਤੇ ਨਾ ਹੀ ਕੋਈ ਵਿਸ਼ਾ ਬਦਲਣ ਦਾ ਕੇਸ ਯੂਨੀਵਰਸਿਟੀ ਵਲੋਂ ਵਿਚਾਰਿਆ ਜਾਵੇਗਾ।

3. (i) ਵਿਦਿਆਰਥੀਆਂ ਦੇ ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਕੇਸ, ਵਿਦਿਆਰਥੀਆਂ ਦੇ ਐਂਟਰੀ ਪੁਆਇੰਟ ਦਾਖਲੇ ਸਮੇਂ ਭੇਜੇ ਜਾਣੇ ਜ਼ਰੂਰੀ ਹਨ। ਵਿਦਿਆਰਥੀਆਂ ਨੂੰ ਪੰਜਾਬੀ (ਲਾਜ਼ਮੀ) ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ/ਪ੍ਰੀਖਿਆ ਦੇਣ ਦੀ ਪ੍ਰਵਾਨਗੀ ਆਰਡੀਨੈਂਸ ਵਿੱਚ ਦਰਜ ਸ਼ਰਤਾ ਅਨੁਸਾਰ ਹੀ ਦਿੱਤੀ ਜਾਵੇਗੀ, ਭਾਵ ਉਨ੍ਹਾਂ ਵਿਦਿਆਰਥੀਆਂ, ਜਿਨ੍ਹਾਂ ਨੇ ਮੈਟ੍ਰਿਕ ਪੰਜਾਬ ਤੋਂ ਬਾਹਰ ਕਿਸੇ ਹੋਰ ਰਾਜ ਵਿੱਚ ਸਥਿਤ ਸਕੂਲ/ਬੋਰਡ ਤੋਂ ਪਾਸ ਕੀਤੀ ਹੈ ਅਤੇ ਪੰਜਾਬੀ ਦਾ ਵਿਸ਼ਾ ਨਹੀਂ ਪੜ੍ਹਿਆ ਹੈ, ਨੂੰ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਆਰਮੀ ਪਰਸਨਜ਼/ਪੈਰਾ ਮਿਲਟਰੀ ਪਰਸੋਨਲ (ਰਿਟਾਇਰਡ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚਿਆਂ ਦੇ ਕੇਸਾਂ ਵਿਚ ਐਫੀਡੇਵਿਟ ਦੀ ਥਾਂ ਤੇ ਕੇਵਲ ਆਰਮੀ ਵਿੱਚ ਹੋਣ ਜਾਂ ਰਿਟਾਇਰਡ ਹੋਣ ਦਾ ਸਬੂਤ ਦੇਣ ਉਪਰੰਤ ਹੀ ਪੰਜਾਬੀ ਲਾਜ਼ਮੀ ਦੀ ਥਾਂ ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹਨ ਦੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ।ਅਧੂਰੇ ਕੇਸਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।ਇਸ ਤੋਂ ਇਲਾਵਾ ਕੁਝ ਕਾਲਜਾਂ ਵੱਲੋਂ ਦਫਤਰ ਵਿਖੇ ਪ੍ਰਵਾਨਗੀ ਹਿਤ ਭੇਜੇ ਜਾਣ ਵਾਲੇ ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਕੇਸ ਕਾਲਜ ਪੱਧਰ ਤੇ ਚੈੱਕ ਕਰਕੇ ਨਹੀਂ ਭੇਜੇ ਜਾਂਦੇ ਭਾਵ ਜਿਨ੍ਹਾਂ ਵਿਦਿਆਰਥੀਆਂ ਨੇ ਪੰਜਾਬੀ ਲਾਜ਼ਮੀ ਦਾ ਵਿਸ਼ਾ ਪੜ੍ਹਿਆ ਹੁੰਦਾ ਹੈ ਉਹ ਕੇਸ ਵੀ ਦੂਸਰੇ ਵਿਦਿਆਰਥੀਆਂ ਦੇ ਕੇਸਾਂ ਨਾਲ ਭੇਜ ਦਿੱਤੇ ਜਾਂਦੇ ਹਨ, ਜਿਸ ਕਾਰਨ ਅਜਿਹੇ ਕੇਸਾਂ ਸਬੰਧੀ ਭੁਲੇਖੇ ਦੀ ਸਥਿਤੀ ਪੈਦਾ ਹੁੰਦੀ ਹੈ। ਕਾਲਜਾਂ ਵੱਲੋਂ ਕੋਈ ਵੀ ਕੇਸ ਦਫਤਰ ਵਿਖੇ ਭੇਜਣ ਤੋਂ ਪਹਿਲਾਂ ਕਾਲਜ ਪੱਧਰ ਤੇ ਚੰਗੀ ਤਰ੍ਹਾਂ ਚੈੱਕ ਕਰਨ ਉਪਰੰਤ ਹੀ ਭੇਜਿਆ ਜਾਵੇ।

Principal
Govt. Mohindra College
PATIALA

12/c

(ii) ਜਿਹੜੇ ਵਿਦਿਆਰਥੀ ਹੋਰ ਯੂਨੀਵਰਸਿਟੀ ਤੋਂ ਮਾਈਗ੍ਰੇਟ ਹੋਣ ਉਪਰੰਤ ਕਿਸੇ ਵੀ ਕੋਰਸ ਵਿੱਚ ਪੰਜਾਬੀ ਯੂਨੀਵਰਸਿਟੀ,ਪਟਿਆਲਾ ਨਾਲ ਸਬੰਧਤ ਕਾਲਜਾਂ ਵਿਖੇ ਦਾਖਲਾ ਲੈਂਦੇ ਹਨ ਅਜਿਹੇ ਵਿਦਿਆਰਥੀਆਂ ਦੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ/ਪ੍ਰਵਾਨਗੀ ਸਬੰਧੀ ਕਾਲਜਾਂ ਵਲੋਂ ਕੇਸ ਮੁਕੰਮਲ ਰੂਪ ਵਿੱਚ (ਦੋਵਾਂ ਯੂਨੀਵਰਸਿਟੀਆਂ ਦਾ ਸਿਲੇਬਸ ਅਤੇ ਸਰਟੀਫਿਕੇਟਾਂ ਦੀਆਂ ਕਾਪੀਆਂ ਸਮੇਤ) ਭੇਜਣਾ ਲਾਜ਼ਮੀ ਹੋਵੇਗਾ। ਜੇਕਰ ਕਾਲਜ ਵਲੋਂ ਡੈਫੀਸ਼ੈਂਟ ਪੇਪਰਾਂ ਸਬੰਧੀ ਯੂਨੀਵਰਸਿਟੀ ਤੋਂ ਪ੍ਰਵਾਨਗੀ ਲਏ ਬਿਨ੍ਹਾਂ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਕੀਤਾ ਜਾਂਦਾ ਤਾਂ ਕਾਲਜ ਵਿਰੁੱਧ ਬਣਦੀ ਕਾਰਵਾਈ ਅਤੇ ਜੁਰਮਾਨਾ ਕੀਤਾ ਜਾਵੇਗਾ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਕੇਸ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜਾਂ ਨਾਲ ਹੀ ਭੇਜੇ ਜਾਣ, ਅਧੂਰੇ ਕੇਸ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਡੈਫੀਸ਼ੈਂਟ ਪੇਪਰਾਂ ਦੇ ਕੇਸਾਂ ਸਬੰਧੀ ਹੇਠ ਲਿਖੇ ਕਾਲਮਾਂ ਅਨੁਸਾਰ ਪ੍ਰੋਫਾਰਮਾ ਭਰ ਕੇ ਕੇਸ ਨਾਲ ਨੱਥੀ ਕਰਕੇ ਭੇਜਿਆ ਜਾਵੇ ਜੀ :

| S.No. | Student Name | Class (Passed) | Uni. (from where passed) | Subject List (Passed) | Subject (ਜਿਨ੍ਹਾਂ ਨਾਲ compair ਕਰਨਾ ਹੈ)। |
|---|---|---|---|---|---|
| | | | | | |

ਉਪਰੋਕਤ ਲੜੀ ਨੰ: 3 (i & ii ) ਵਿਦਿਆਰਥੀਆਂ ਦੇ ਕੇਸ ਮੁਕੰਮਲ ਦਸਤਾਵੇਜ਼ਾਂ ਸਮੇਤ ਪ੍ਰਵਾਨਗੀ ਹਿੱਤ ਹੇਠਾਂ ਦਰਸਾਈਆਂ ਮਿਤੀਆਂ ਤੱਕ ਡੀਨ, ਕਾਲਜ ਵਿਕਾਸ ਕੌਂਸਲ ਦੇ ਦਫ਼ਤਰ ਵਿਖੇ ਪੁੱਜਦੇ ਕੀਤੇ ਜਾਣ:

| | |
|---|---|
| ਬਿਨਾਂ ਲੇਟ ਫੀਸ | 29.9.2023 ਤੱਕ |
| 3000/- ਰੁ: ਲੇਟ ਫੀਸ ਨਾਲ | 29.9.2023 ਤੋਂ 05.10.2023 ਤੱਕ |
| 5000/- ਰੁ: ਲੇਟ ਫੀਸ ਨਾਲ | 06.10.2023 ਤੋਂ 12.10.2023 ਤੱਕ |

ਪੰਜਾਬੀ ਲਾਜ਼ਮੀ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੀ ਪ੍ਰਵਾਨਗੀ ਦੇ ਕੇਸ ਜੇਕਰ ਸਾਰੀਆਂ ਨਿਰਧਾਰਤ ਮਿਤੀਆਂ ਲੰਘਣ ਤੋਂ ਬਾਅਦ ਪ੍ਰਾਪਤ ਹੁੰਦੇ ਹਨ ਤਾਂ 10,000/-ਰੁਪਏ (ਪ੍ਰਤੀ ਵਿਦਿਆਰਥੀ) (20 ਤੋਂ ਵੱਧ ਵਿਦਿਆਰਥੀਆਂ ਦੇ ਕੇਸਾਂ ਵਿੱਚ 2 ਲੱਖ ਰੁਪਏ ਉੱਕਾ-ਪੁੱਕਾ) ਜੁਰਮਾਨਾ ਰਾਸ਼ੀ ਕਾਲਜ ਤੋਂ ਵਸੂਲ ਕੀਤੀ ਜਾਵੇਗੀ ਅਤੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ ਦੇ ਕੇਸਾਂ ਵਿੱਚ, ਨਿਰਧਾਰਤ ਮਿਤੀਆਂ ਤੋਂ ਬਾਅਦ ਕੇਸ ਪ੍ਰਾਪਤ ਹੋਣ ਤੇ ਇਹ ਰਾਸ਼ੀ 20,000/-ਰੁਪਏ (ਪ੍ਰਤੀ ਵਿਦਿਆਰਥੀ) ਹੋਵੇਗੀ।ਇਸ ਤੋਂ ਇਲਾਵਾ ਦਾਖਲਾ ਰੈਗੂਲਰਾਈਜੇਸ਼ਨ ਆਦਿ ਦੇ ਨਿਰਧਾਰਤ ਮਿਤੀਆਂ ਤੋਂ ਬਾਅਦ ਪ੍ਰਾਪਤ ਕੇਸਾਂ ਵਿੱਚ ਵੀ 20,000/-ਰੁਪਏ (ਪ੍ਰਤੀ ਵਿਦਿਆਰਥੀ) ਜੁਰਮਾਨਾ ਰਾਸ਼ੀ ਰਹੇਗੀ।

4. ਜਿਹੜੇ ਵਿਦਿਆਰਥੀਆਂ ਦੀ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੇ ਕੋਰਸਾਂ ਵਿਚ ਸਰਕਾਰੀ ਨੌਕਰੀ ਲੱਗ ਜਾਂਦੀ ਹੈ ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਹੇਠ ਲਿਖੀਆਂ ਸ਼ਰਤਾਂ ਤਹਿਤ ਫੀਸ ਅਤੇ ਵਿਦਿਆਰਥੀ ਦੇ ਨਿਯੁਕਤੀ ਪੱਤਰ ਦੀ ਕਾਪੀ ਪ੍ਰਾਪਤ ਹੋਣ ਉਪਰੰਤ ਪ੍ਰਵਾਨਗੀ ਦਿੱਤੀ ਜਾਵੇਗੀ:-

(a.) ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੇ ਕੋਰਸਾਂ ਵਿਚ ਜਿਨ੍ਹਾਂ ਵਿਦਿਆਰਥੀਆਂ ਦੀ ਸਰਕਾਰੀ ਨੌਕਰੀ ਲੱਗ ਜਾਂਦੀ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਰੈਗੂਲਰ ਤੌਰ ਤੇ ਅਪੀਅਰ ਹੋਣ ਲਈ ਲੈਕਚਰਾਂ ਵਿਚ ਛੋਟ ਦਿੱਤੀ ਜਾਵੇਗੀ।

(b.) ਅਜਿਹੇ ਵਿਦਿਆਰਥੀਆਂ ਤੋਂ ਵਿਸ਼ੇਸ਼ ਕੇਸ ਵਜੋਂ ਪ੍ਰੀਖਿਆ ਵਿਚ ਅਪੀਅਰ ਹੋਣ ਲਈ 10,000/- ਰੁਪਏ (ਪ੍ਰਤੀ ਵਿਦਿਆਰਥੀ) ਫੀਸ ਵਸੂਲ ਕੀਤੀ ਜਾਵੇਗੀ।

(c.) ਅਜਿਹੇ ਵਿਦਿਆਰਥੀਆਂ ਨੂੰ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੀ ਪ੍ਰੀਖਿਆ ਦੇਣ ਲਈ ਨਿਯੁਕਤੀ ਪੱਤਰ ਵਿਚ ਦਰਜ ਸ਼ਰਤਾਂ ਅਨੁਸਾਰ ਸਬੰਧਤ ਵਿਭਾਗ ਤੋਂ ਪੂਰਵ ਪ੍ਰਵਾਨਗੀ ਲੈਣੀ ਹੋਵੇਗੀ।

(d.) ਜਿਹੜੇ ਕੋਰਸਾਂ ਦੇ ਪ੍ਰੈਕਟੀਕਲ ਹੁੰਦੇ ਹਨ, ਉਨ੍ਹਾਂ ਕੋਰਸਾਂ ਦੇ ਵਿਦਿਆਰਥੀ ਕਾਲਜ ਦੇ ਪ੍ਰਿੰਸੀਪਲ ਨਾਲ ਸੰਪਰਕ ਕਰਕੇ ਵਾਧੂ ਸਮੇਂ ਜਾਂ ਛੁੱਟੀ ਵਾਲੇ ਦਿਨ ਪ੍ਰੈਕਟੀਕਲ ਲਗਾਉਣਗੇ। ਇਸ ਤੋਂ ਇਲਾਵਾ ਜਿਨ੍ਹਾਂ ਕੋਰਸਾਂ ਵਿਚ ਇੰਟਰਨਲ ਅਸੈਸਮੈਂਟ ਦੀ ਵਿਵਸਥਾ ਹੈ, ਉਨ੍ਹਾਂ ਦੀ ਇੰਟਰਨਲ ਅਸੈਸਮੈਂਟ ਭੇਜਣ ਦੀ ਜਿੰਮੇਵਾਰੀ ਵੀ ਸਬੰਧਤ ਕਾਲਜ ਦੇ ਪ੍ਰਿੰਸੀਪਲ ਦੀ ਹੋਵੇਗੀ।

(e.) ਇਹ ਸੁਵਿਧਾ ਕੇਵਲ ਸਮੈਸਟਰ ਪ੍ਰਣਾਲੀ ਅਧੀਨ ਆਖਰੀ ਸਮੈਸਟਰ ਅਤੇ ਸਲਾਨਾ ਪ੍ਰਣਾਲੀ ਅਧੀਨ ਆਖਰੀ ਸਾਲ ਦੇ ਕੋਰਸਾਂ ਲਈ ਹੈ। ਇੱਕ ਤੋਂ ਵੱਧ ਸਮੈਸਟਰ ਅਤੇ ਸਾਲ ਵਾਲੇ ਵਿਦਿਆਰਥੀਆਂ ਦੇ ਕੇਸ ਕਾਲਜ ਸੈਕਸ਼ਨ ਨੂੰ ਪ੍ਰਵਾਨਗੀ ਲਈ ਨਾ ਭੇਜੇ ਜਾਣ, ਇਨ੍ਹਾਂ ਵਿਦਿਆਰਥੀਆਂ ਨੂੰ ਇਹ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

5. ਕਾਲਜ ਕੇਵਲ ਉਹ ਕੋਰਸ/ਵਿਸ਼ੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਦਾਖਲ/ਮਾਈਗ੍ਰੇਟ ਕਰਨਗੇ ਜਿਹੜੇ ਕੋਰਸ/ਵਿਸ਼ੇ ਸਬੰਧਤ ਕਾਲਜ ਵਿਖੇ ਪੜ੍ਹਾਏ ਜਾਂਦੇ ਹਨ। ਕਈ ਵਾਰ ਕਾਲਜਾਂ ਵੱਲੋਂ ਵਿਦਿਆਰਥੀਆਂ ਨੂੰ ਨਿਰਧਾਰਤ ਨਿਯਮਾਂ ਦੇ ਉਲਟ ਵੱਖ-ਵੱਖ ਕੋਰਸਾਂ ਵਿਚ ਦਾਖਲਾ ਅਤੇ ਵਿਸ਼ੇ/ਪ੍ਰੈਕਟੀਕਲ ਵਿਸ਼ੇ ਪੜ੍ਹਨ ਲਈ ਦੇ ਦਿੱਤੇ ਜਾਂਦੇ ਹਨ, ਜਿਸ ਕਾਰਨ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਲਈ ਸਮੱਸਿਆ ਉਤਪੰਨ ਹੋ ਜਾਂਦੀ ਹੈ। ਅਜਿਹੇ ਕੇਸਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

6. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ,ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਸਕੂਲ ਐਜੂਕੇਸ਼ਨ, ਸੀ.ਬੀ.ਐਸ.ਈ. ਬੋਰਡ ਅਤੇ ਆਈ.ਸੀ.ਐਸ.ਈ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗ੍ਰੈਜੂਏਸ਼ਨ ਦੀ ਪ੍ਰੀਖਿਆ ਪਾਸ ਕੀਤੀ ਹੈ ਤਾਂ ਕਾਲਜ ਨੂੰ ਅਜਿਹੇ ਵਿਦਿਆਰਥੀਆਂ ਨੂੰ ਦਾਖਲੇ ਕਰਨ ਤੋਂ ਪਹਿਲਾਂ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ/Eligibility ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।ਪਾਤਰਤਾ ਸਰਟੀਫਿਕੇਟ ਲਏ ਬਿਨ੍ਹਾਂ ਕੀਤੇ ਗਏ ਦਾਖਲਿਆਂ ਦੀ ਪ੍ਰਵਾਨਗੀ ਯੂਨੀਵਰਸਿਟੀ ਵੱਲੋਂ ਕਿਸੇ ਵੀ ਸੂਰਤ ਵਿਚ ਨਹੀਂ ਦਿੱਤੀ ਜਾਵੇਗੀ।ਸਪੱਸ਼ਟ ਕੀਤਾ ਜਾਂਦਾ ਹੈ ਕਿ ਰੈਗੂਲਰ ਵਿਦਿਆਰਥੀਆਂ ਦੀ ਪਾਤਰਤਾ ਚੈੱਕ ਕਰਨ ਦੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ। ਪਾਤਰਤਾ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਪੱਸ਼ਟੀਕਰਨ/ਜਾਣਕਾਰੀ ਲਈ ਡਿਪਟੀ ਰਜਿਸਟਰਾਰ(ਰਜਿਸਟ੍ਰੇਸ਼ਨ) ਨਾਲ ਸੰਪਰਕ/ਪੱਤਰ ਵਿਹਾਰ ਕੀਤਾ ਜਾਵੇ।

Principal
Govt. Mohindra College
PATIALA

7. ਕਿਸੇ ਵੀ ਨਵੇਂ ਕਾਲਜ ਨੂੰ ਜੇਕਰ ਸਬੰਧਤਾ ਪ੍ਰਦਾਨ ਕੀਤੀ ਜਾਂਦੀ ਹੈ ਜਾਂ ਸਬੰਧਤ ਕਾਲਜਾਂ ਵਿਖੇ ਕੋਈ ਨਵਾਂ ਕੋਰਸ/ਵਿਸ਼ਾ ਸ਼ੁਰੂ ਕੀਤਾ ਜਾਂਦਾ ਹੈ ਤਾਂ 10 ਦਿਨਾਂ ਦਾ ਸਮਾਂ ਬਿਨਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਸ਼ਡਿਊਲ ਅਨੁਸਾਰ ਬਣਦੀ ਲੇਟ ਫੀਸ ਨਾਲ ਦਾਖਲੇ ਕਰਨ ਦੀ ਪ੍ਰਵਾਨਗੀ ਹੋਵੇਗੀ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕੋਰਸ/ਕਲਾਸ ਦੀ ਰਿਟਰਨ ਅਤੇ ਪ੍ਰੀਖਿਆ ਫਾਰਮ ਭਰਨ ਦੀ ਮਿਤੀ ਲੰਘ ਚੁੱਕੀ ਹੈ ਤਾਂ ਅਜਿਹੇ ਕਾਲਜਾਂ ਨੂੰ ਉਨ੍ਹਾਂ ਕੋਰਸਾਂ/ਕਲਾਸਾਂ ਦੀ ਰਿਟਰਨ/ਪ੍ਰੀਖਿਆ ਫਾਰਮ ਤਿੰਨ ਕੰਮ-ਕਾਜੀ ਦਿਨਾਂ ਵਿੱਚ ਬਿਨ੍ਹਾਂ ਲੇਟ ਫੀਸ ਅਤੇ ਇਸ ਉਪਰੰਤ ਬਣਦੀ ਲੇਟ ਫੀਸ ਨਾਲ ਜਮ੍ਹਾਂ ਕਰਵਾਉਣੇ ਲਾਜ਼ਮੀ ਹੋਣਗੇ।

ਇਥੇ ਇਹ ਸਪਸ਼ਟ ਹੈ ਕਿ ਜੇਕਰ ਦਾਖਲਿਆਂ ਦੇ ਸ਼ਡਿਊਲ ਤੋ ਬਾਅਦ ਕਿਸੇ ਕੋਰਸ/ਵਿਸ਼ੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਉਸ ਸੂਰਤ ਵਿਚ ਕਾਲਜ ਵੱਲੋਂ ਉਸ ਕੋਰਸ/ਵਿਸ਼ੇ ਵਿਚ ਦਾਖਲ ਕੀਤੇ ਗਏ ਵਿਦਿਆਰਥੀਆਂ ਦੇ ਲੈਕਚਰ ਪੂਰੇ ਕਰਵਾਉਣ/ਅੰਡਰ-ਟੇਕਿੰਗ ਉਪਰੰਤ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

8. ਐਜੂਕੇਸ਼ਨ/ਫਿਜੀਕਲ ਐਜੂਕੇਸ਼ਨ/ਬੀ.ਐਡ./ਬੀ.ਪੀ.ਐਡ/ਲਾਅ ਕੋਰਸ ਜਾਂ ਕਿਸੇ ਹੋਰ ਕੋਰਸ ਦੇ ਦਾਖਲਿਆਂ ਸਬੰਧੀ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਲੋਅ ਵਿੱਚ ਦਾਖਲੇ ਕੀਤੇ ਜਾਣਗੇ। ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਦੇ ਆਧਾਰ ਤੇ ਕੀਤੇ ਜਾਣ ਵਾਲੇ ਦਾਖਲਿਆਂ ਸਬੰਧੀ ਪੰਜਾਬ ਸਰਕਾਰ/ਕੋਆਰਡੀਨੇਟਰ ਵਲੋਂ ਕਾਉਂਸਲਿੰਗ ਬੰਦ ਕਰਨ ਉਪਰੰਤ ਸਬੰਧਤ ਕੋਰਸਾਂ ਵਿੱਚ ਖਾਲੀ ਸੀਟਾਂ ਤੇ ਦਾਖਲੇ ਕਾਲਜਾਂ ਨੂੰ ਆਪਣੇ ਪੱਧਰ ਤੇ ਕਰਨ ਲਈ ਕਿਹਾ ਜਾਂਦਾ ਹੈ ਤਾਂ ਇਸ ਸਬੰਧੀ ਉਨ੍ਹਾਂ ਵਲੋਂ ਜਾਰੀ ਪੱਤਰ ਦੀ ਲੋਅ ਵਿੱਚ ਦਾਖਲੇ ਲਈ ਯੂਨੀਵਰਸਿਟੀ ਵਲੋਂ ਬਣਦੀ ਲੇਟ ਫੀਸ ਨਾਲ ਦਾਖਲੇ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

9. ਐਮ.ਏ (ਐਜੂਕੇਸ਼ਨ) ਦੇ ਦਾਖਲਿਆਂ ਤੇ ਯੂਨੀਵਰਸਿਟੀ ਵਲੋਂ ਨਿਰਧਾਰਿਤ ਇਹ ਸ਼ਡਿਊਲ ਹੀ ਲਾਗੂ ਹੋਵੇਗਾ। ਐਮ.ਏ(ਐਜੂਕੇਸ਼ਨ) ਲਈ ਨਿਰਧਾਰਿਤ 25 ਸੀਟਾਂ ਤੋਂ ਵੱਧ ਵਿਦਿਆਰਥੀਆਂ ਵਲੋਂ ਬਿਨੈ ਕਰਨ ਦੀ ਸੂਰਤ ਵਿੱਚ ਹੀ ਯੂਨੀਵਰਸਿਟੀ ਨੁਮਾਇੰਦੇ ਦੀ ਨਿਯੁਕਤੀ ਕੀਤੀ ਜਾਵੇਗੀ।ਕਾਲਜ ਵੱਲੋਂ ਬਿਨੈ-ਪੱਤਰ 25 ਜਾਂ ਇਸ ਤੋਂ ਘੱਟ ਪ੍ਰਾਪਤ ਹੋਣ ਦੀ ਸੂਰਤ ਵਿੱਚ ਆਪਣੇ ਪੱਧਰ ਤੇ ਪਾਤਰਤਾ ਚੈਕ ਕਰਦੇ ਹੋਏ ਦਾਖਲੇ ਮੈਰਿਟ ਦੇ ਆਧਾਰ 'ਤੇ ਕੀਤੇ ਜਾਣਗੇ।

10. ਲੇਟ ਫੀਸ ਨਾਲ ਕੀਤੇ ਦਾਖਲੇ ਅਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਪੜ੍ਹਨ/ਪ੍ਰੀਖਿਆ ਦੇਣ ਦੀ ਪ੍ਰਵਾਨਗੀ ਸਬੰਧੀ ਵਿਦਿਆਰਥੀਆਂ ਦੀ ਸੂਚੀ (ਮੁੱਢਲਾ ਗਿਆਨ ਦੇ ਕੇਸਾਂ ਵਿੱਚ ਕੇਵਲ ਸੂਚੀ) ਕਾਲਜ ਸੈਕਸ਼ਨ ਦੀ E-Mail ID (pup.collegesection@pbi.ac.in) ਤੇ ਭੇਜਣੀ ਵੀ ਲਾਜ਼ਮੀ ਹੋਵੇਗੀ। ਸਾਫਟ ਕਾਪੀ ਨਾ ਭੇਜਣ ਦੀ ਸੂਰਤ ਵਿੱਚ ਦਾਖਲਿਆਂ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)/ਡੈਫੀਸ਼ੈਂਟ ਪੇਪਰਾਂ ਦੇ ਕੇਸਾਂ ਵਿੱਚ ਯੂਨੀਵਰਸਿਟੀ ਵਿਖੇ ਕੇਵਲ ਹਾਰਡ ਕਾਪੀ ਪ੍ਰਾਪਤ ਹੋਣ ਦੀ ਮਿਤੀ ਨੂੰ ਹੀ ਲੇਟ ਫੀਸ ਵਜੋਂ ਵਿਚਾਰਿਆ ਜਾਵੇਗਾ। ਕਾਲਜ ਵਲੋਂ ਸਾਫਟ ਕਾਪੀ ਭੇਜਣ ਦੀ ਮਿਤੀ ਦੇ ਆਧਾਰ ਤੇ ਲੇਟ ਫੀਸ ਤੋਂ ਛੋਟ ਨਹੀਂ ਹੋਵੇਗੀ।

11. ਰੈਗੂਲਰ ਵਿਦਿਆਰਥੀਆਂ ਦੀ ਪਾਤਰਤਾ ਚੈਕ ਕਰਨ ਦੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ। ਪਾਤਰਤਾ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਪੱਸ਼ਟੀਕਰਨ ਲਈ ਡਿਪਟੀ ਰਜਿਸਟਰਾਰ (ਰਜਿਸਟ੍ਰੇਸ਼ਨ) ਨਾਲ ਸੰਪਰਕ/ਪੱਤਰ ਵਿਹਾਰ ਕੀਤਾ ਜਾਵੇ।

12. Even ਸਮੈਸਟਰ ਦੇ ਦਾਖਲੇ ਕਾਲਜਾਂ ਵਲੋਂ ਆਪਣੇ ਪੱਧਰ ਤੇ ਕੀਤੇ ਜਾਣਗੇ ਭਾਵ ਯੂਨੀਵਰਸਿਟੀ ਵਿਖੇ ਅਜਿਹੇ ਕੇਸ ਪ੍ਰਵਾਨਗੀ ਲਈ ਨਹੀਂ ਭੇਜੇ ਜਾਣਗੇ ਅਤੇ ਅਜਿਹੇ ਕੇਸਾਂ ਵਿੱਚ ਵਿਦਿਆਰਥੀ ਦਾ ਗੈਪ ਪੀਰੀਅਡ ਹੋਣ ਦੀ ਸੂਰਤ ਵਿੱਚ ਲੋੜੀਂਦੇ ਸਬੂਤ/ਸਵੈ-ਘੋਸ਼ਣਾ ਪੱਤਰ ਲੈਣ/ਪਾਤਰਤਾ/ਸਮੇਂ ਸੀਮਾ ਚੈਕ ਕਰਨ ਦੀ ਜਿੰਮੇਵਾਰੀ ਕਾਲਜ ਦੀ ਹੋਵੇਗੀ। ਇਸ ਤੋਂ ਇਲਾਵਾ ਜੇਕਰ ਵਿਦਿਆਰਥੀ ਇੱਕ ਸਮੈਸਟਰ ਦੀ ਪ੍ਰੀਖਿਆ ਨਹੀਂ ਦੇ ਪਾਉਂਦਾ ਹੈ ਤਾਂ ਉਸਨੂੰ ਅਗਲੇ ਸਮੈਸਟਰ/ਸੈਸ਼ਨ ਨਾਲ ਪ੍ਰੀਖਿਆ ਦੇਣ ਦੀ ਪ੍ਰਵਾਨਗੀ ਕਾਲਜਾਂ ਵਲੋਂ ਆਪਣੇ ਪੱਧਰ ਤੇ ਵਿਦਿਆਰਥੀ ਦੀਆਂ ਹਾਜ਼ਰੀਆਂ/ਪਾਤਰਤਾ ਸਬੰਧੀ ਸ਼ਰਤਾ ਪੂਰੀਆ ਕਰਨ ਉਪਰੰਤ ਕਾਰਵਾਈ ਕੀਤੀ ਜਾਵੇਗੀ।ਪਰੰਤੂ ਜੇਕਰ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਰਿਟਰਨ ਯੂਨੀਵਰਸਿਟੀ ਵਿਖੇ ਪ੍ਰਾਪਤ ਨਹੀਂ ਹੋਈ ਤਾਂ ਇਹ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ।

13. ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਕਾਲਜ ਦਾ AISHE Portal ਤੇ ਡਾਟਾ ਅਪਲੋਡ ਕਰਨ ਅਤੇ ਯੂ.ਜੀ.ਸੀ/ਪੰਜਾਬ ਸਰਕਾਰ ਵੱਲੋ ਸਮੇਂ ਸਮੇਂ ਸਿਰ ਮੰਗੀ ਜਾਂਦੀ ਜਾਣਕਾਰੀ/ਸੂਚਨਾ ਲਈ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਾਲਜਾਂ ਵੱਲੋ ਨਿਰਧਾਰਤ ਮਿਤੀ ਤੱਕ ਡਾਟਾ ਅਪਲੋਡ ਨਹੀ ਕੀਤਾ ਜਾਂਦਾ ਜਾਂ ਮੰਗੀ ਜਾਂਦੀ ਸੂਚਨਾ/ਜਾਣਕਾਰੀ ਨਹੀਂ ਭੇਜੀ ਜਾਂਦੀ ਤਾਂ ਅਜਿਹੇ ਕਾਲਜਾਂ ਦੀ ਐਫੀਲੀਏਸ਼ਨ ਰੱਦ ਕਰਨ/ਜੁਰਮਾਨਾ ਲਗਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

14. ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅੰਤਰ-ਕਾਲਜ ਖੇਤਰੀ ਯੁਵਕ ਮੇਲਿਆਂ ਵਿੱਚ ਭਾਗ ਲੈਣ ਵਾਲੇ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਵੱਲੋ ਮੇਜ਼ਬਾਨ ਕਾਲਜ ਨੂੰ ਦਿੱਤੀ ਜਾਣ ਵਾਲੀ ਬਣਦੀ ਐਂਟਰੀ ਫੀਸ ਸਮੇਂ ਸਿਰ ਜਮ੍ਹਾਂ ਕਰਵਾਈ ਜਾਵੇ।

15. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੂਨੀਵਰਸਿਟੀ ਨਾਲ ਸੰਬੰਧਤ ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਵਾਰਣ ਲਈ ਰਾਈਟ-ਟੂ-ਸਰਵਿਸ ਐਕਟ ਅਧੀਨ ਕਾਲਜਾਂ ਵੱਲੋਂ ਨੋਡਲ ਅਫ਼ਸਰ ਨਿਯੁਕਤ ਕਰਕੇ ਇਹਨਾਂ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਹਿੱਤ ਪੰਜਾਬੀ ਯੂਨੀਵਰਸਿਟੀ ਵਿਖੇ ਨਿਯੁਕਤ ਨੋਡਲ ਅਫ਼ਸਰ ਨਾਲ ਸੰਪਰਕ ਕਰਕੇ ਇਸ ਸੰਬੰਧ ਵਿਚ ਅਗਲੇਰੀ ਕਾਰਵਾਈ ਕਰਨੀ ਹੁੰਦੀ ਹੈ ਪ੍ਰੰਤੂ ਕਈ ਕਾਲਜਾਂ ਵਲੋਂ ਨਿਯਮਾਂ ਅਨੁਸਾਰ ਨੋਡਲ ਅਫਸਰ ਨਿਯੁਕਤ ਨਾ ਕਰਦੇ ਹੋਏ ਬਣਦੀ ਕਾਰਵਾਈ ਨਹੀਂ ਕੀਤੀ ਜਾਂਦੀ। ਇਸ ਸਬੰਧ ਵਿੱਚ ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਯਮਾਂ ਦੀ ਪਾਲਣਾ ਕਰਦੇ ਹੋਏ ਕਾਰਵਾਈ ਕਰਨ ਨੂੰ ਯਕੀਨੀ ਬਣਾਇਆ ਜਾਵੇ।

Principal
Govt. Mohindra College
PATIALA

16. ਵੱਖ-ਵੱਖ ਏਜੰਸੀਆਂ/ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਸਿਰ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਵੱਖ-ਵੱਖ ਕੋਰਸਾਂ ਵਿਚ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਸਬੰਧੀ ਸੂਚਨਾ/ਜਾਣਕਾਰੀ ਮਿਤੀ ਬੱਧ ਸਮੇਂ ਵਿਚ ਮੰਗੀ ਜਾਂਦੀ ਹੈ। ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਾਖਲਿਆਂ ਦੀ ਸਮਾਪਤੀ ਉਪਰੰਤ ਵੱਖ-ਵੱਖ ਕੋਰਸਾਂ ਵਿਚ ਦਾਖਲ ਕੀਤੇ ਵਿਦਿਆਰਥੀਆਂ ਦੀ ਗਿਣਤੀ ਦੀ ਸੂਚਨਾ/ਜਾਣਕਾਰੀ ਕਾਲਜ ਸੈਕਸ਼ਨ ਵਿਖੇ ਈ-ਮੇਲ **pup.collegesection@gmail.com** ਰਾਹੀਂ ਭੇਜਣੀ ਲਾਜ਼ਮੀ ਹੋਵੇਗੀ। ਇਹ ਜਾਣਕਾਰੀ ਨਿਮਨਲਿਖਤ ਅਨੁਸਾਰ ਭੇਜੀ ਜਾਵੇ:-

| ਕੋਰਸ ਦਾ ਨਾਮ | ਲੜਕਿਆਂ ਗਿਣਤੀ | ਲੜਕੀਆਂ ਗਿਣਤੀ | ਕੁਲ ਗਿਣ | ਐਸ.ਸੀ. ਕੈਟਾਗਰੀ ਵਿਦਿਆਰਥੀਆਂ ਦੀ ਗਿਣਤੀ | ਹੋਰ ਕੈਟਾਗਰੀਆਂ ਅਧੀਨ ਆਂ ਵਿਦਿਆਰਥੀਆਂ ਦੀ ਗਿਣਤੀ |
|---|---|---|---|---|---|
| | | | | | |

17. ਕਈ ਵਿਦਿਆਰਥੀਆਂ ਦੀ ਪਾਤਰਤਾ ਚੈਕ ਕੀਤੇ ਬਿਨ੍ਹਾਂ ਰੋਲ ਨੰਬਰ ਜਾਰੀ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਇਨ੍ਹਾਂ ਦੇ ਨਤੀਜੇ ਰੁਕ ਜਾਂਦੇ ਹਨ। ਕਾਲਜਾਂ ਵਲੋਂ ਅਜਿਹੇ ਵਿਦਿਆਰਥੀਆਂ ਦੇ ਕੇਸ ਕਲਾਸ ਦੇ ਆਖਰੀ ਸਾਲ ਵਿੱਚ ਭੇਜ ਦਿੱਤੇ ਜਾਂਦੇ ਹਨ। ਇਸ ਪ੍ਰਥਾ ਨੂੰ ਰੋਕਣ ਲਈ ਕਾਲਜਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਪਾਤਰਤਾ ਚੈੱਕ ਕੀਤੇ ਬਿਨ੍ਹਾਂ ਵਿਦਿਆਰਥੀ ਦਾ ਦਾਖਲਾ ਨਾ ਕੀਤਾ ਜਾਵੇ।

18. ਕਾਲਜ ਸੈਕਸ਼ਨ ਵਿਖੇ ਕੁਝ ਅਜਿਹੇ ਕੇਸ ਵੀ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਵਿੱਚ ਵਿਦਿਆਰਥੀ ਹੋਰਨਾਂ ਯੂਨੀਵਰਸਿਟੀਆ ਤੋਂ ਮਾਈਗ੍ਰੇਟ ਹੋ ਕੇ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ ਦਾਖਲ ਹੁੰਦੇ ਹਨ। ਅਜਿਹੇ ਕੇਸਾਂ ਵਿੱਚ ਵਿਦਿਆਰਥੀਆਂ ਨੂੰ ਡੈਫੀਸ਼ੈਂਟ ਪੇਪਰ (ਜੇਕਰ ਬਣਦੇ ਹੋਣ) ਪਾਸ ਕਰਨੇ ਲਾਜ਼ਮੀ ਹੁੰਦੇ ਹਨ। ਪਰੰਤੂ ਪ੍ਰੀਖਿਆ ਸ਼ਾਖਾ/ਕਾਲਜਾਂ ਵਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਬਿਨ੍ਹਾਂ ਡੈਫੀਸ਼ੈਂਟ ਪੇਪਰਾਂ ਦੇ ਰੋਲ ਨੰਬਰ ਜਾਰੀ ਕਰ ਦਿੱਤੇ ਜਾਂਦੇ ਹਨ ਅਤੇ ਜਦੋਂ ਸਾਰੇ ਸਮੈਸਟਰ ਪਾਸ ਕਰਨ ਉਪਰੰਤ ਵਿਦਿਆਰਥੀਆਂ ਦਾ ਨਤੀਜਾ ਰੁਕ ਜਾਂਦਾ ਹੈ ਤਾਂ ਵਿਦਿਆਰਥੀਆਂ ਦੇ ਡੈਫੀਸ਼ੈਂਟ ਪੇਪਰਾਂ ਦੀ ਪ੍ਰਵਾਨਗੀ ਸਬੰਧੀ ਕੇਸ ਭੇਜ ਦਿੱਤੇ ਜਾਂਦੇ ਹਨ, ਜਿਸ ਕਾਰਨ ਕਾਫੀ ਸਮੱਸਿਆ/ਕਾਨੂੰਨੀ ਉਲਝਣ ਪੇਸ਼ ਆਉਂਦੀ ਹੈ। ਕਾਲਜਾਂ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਵਿਦਿਆਰਥੀਆਂ ਨੂੰ ਰੋਲ ਨੰਬਰ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨ ਉਪਰੰਤ ਹੀ ਜਾਰੀ ਕੀਤੇ ਜਾਣ।

19. ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਕੋਰਸਾਂ ਦੇ ਦਾਖਲੇ ਕੇਂਦਰੀ ਦਾਖਲਾ ਏਜੰਸੀ/ਪੰਜਾਬ ਸਰਕਾਰ ਵੱਲੋਂ ਕਰਵਾਏ ਜਾਂਦੇ ਹਨ ਉਨ੍ਹਾਂ ਕੋਰਸਾਂ ਲਈ ਨਿਰਧਾਰਤ ਦਾਖਲਾ ਸ਼ਡਿਊਲ ਉਪਰੰਤ ਕੋਈ ਦਾਖਲੇ ਦਾ ਕੇਸ ਕਾਲਜ ਸੈਕਸ਼ਨ ਵਿਖੇ ਨਾ ਭੇਜਿਆ ਜਾਵੇ ਕਿਉਂਕਿ ਅਜਿਹੇ ਦਾਖਲੇ ਯੂਨੀਵਰਸਿਟੀ ਵੱਲੋ ਨਹੀਂ ਕੀਤੇ ਜਾਂਦੇ।

20. ਕਾਲਜਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਾਲਜ ਵਿਖੇ ਵਿਦਿਆਰਥੀਆਂ ਦੇ ਦਾਖਲੇ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਕੀਤੇ ਜਾਣ ਪਰੰਤੂ ਉਨ੍ਹਾਂ ਦੀਆਂ ਫੀਸਾਂ ਸਡਿਊਲ ਅਨੁਸਾਰ ਨਿਰਧਾਰਤ ਮਿਤੀ ਤੋਂ ਬਾਅਦ ਕੇਵਲ RTGS ਵਿਧੀ ਰਾਹੀਂ ਅਗਲੇ ਕੰਮ-ਕਾਜ ਵਾਲੇ ਦਿਨ ਭੇਜਣੇ ਲਾਜ਼ਮੀ ਹੋਣਗੇ।

21. ਦਫ਼ਤਰ ਵਲੋਂ ਜਾਰੀ ਪੱਤਰ ਨੰ:10015-115 ਮਿਤੀ 26/7/10 ਦੀ ਲਗਾਤਾਰਤਾ ਵਿੱਚ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਵੱਖ-ਵੱਖ ਕੋਰਸਾਂ ਲਈ ਨਿਰਧਾਰਿਤ ਸੀਟਾਂ ਵਿਚੋਂ ਹੀ ਪੰਜ ਸੀਟਾਂ ਉਚ ਕੋਟੀ ਦੇ ਖਿਡਾਰੀਆਂ ਲਈ ਰਾਖਵੀਆਂ ਹੋਣਗੀਆ। ਨਿਰਧਾਰਿਤ ਸੀਟਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ।

22. ਦਫ਼ਤਰ ਵਲੋਂ ਜਾਰੀ ਪੱਤਰ ਨੰ:8096-8244 ਮਿਤੀ 15/7/08 ਦੀ ਲਗਾਤਾਰਤਾ ਵਿੱਚ ਕੇਵਲ ਯੂਨੀਵਰਸਿਟੀ (ਸੈਂਟਰਲ ਏਜੰਸੀ ਨੂੰ ਛੱਡ ਕੇ) ਵਲੋਂ ਨਿਰਧਾਰਿਤ ਸੀਟਾਂ ਵਾਲੇ ਕੋਰਸਾਂ ਵਿੱਚ ਕਾਲਜਾਂ ਨੂੰ ਆਪਣੇ ਪੱਧਰ ਤੇ 15% ਸੀਟਾਂ ਦਾ ਵਾਧਾ ਕਰਨ ਦੀ ਪ੍ਰਵਾਨਗੀ ਹੋਵੇਗੀ।ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਨਿਯਮ ਸੈਂਟਰਲ ਏਜੰਸੀ ਵਲੋਂ ਨਿਰਧਾਰਿਤ ਸੀਟਾਂ ਵਾਲੇ ਕੋਰਸਾਂ ਤੇ ਲਾਗੂ ਨਹੀਂ ਹੋਵੇਗਾ।

23. ਕੁਝ ਕਾਲਜਾਂ ਵੱਲੋਂ ਲੇਟ ਦਾਖਲਾ ਫੀਸਾਂ ਜਦੋਂ Transfer (ਯੂਨੀਵਰਸਿਟੀ ਖਾਤੇ ਵਿੱਚ) ਕਰਵਾਈਆਂ ਜਾਂਦੀਆਂ ਹਨ ਤਾਂ ਇਹ ਹੋਰ ਫੀਸਾਂ ਜਿਵੇਂ ਰਜਿਸਟ੍ਰੇਸ਼ਨ ਰਿਟਰਨ ਜਾਂ ਪ੍ਰੀਖਿਆ ਫੀਸ ਆਦਿ ਦੇ ਨਾਲ ਹੀ ਜਮ੍ਹਾਂ ਕਰਵਾ ਕੇ ਰਿਪੋਰਟ ਭੇਜ ਦਿੱਤੀ ਜਾਂਦੀ ਹੈ, ( ਇਹ ਰਕਮ ਕਾਫੀ ਜਿਆਦਾ ਅਤੇ ਕਈ RTGS ਨੰਬਰਾਂ ਵਿੱਚ ਹੁੰਦੀ ਹੈ) ਜਿਸ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਲੇਟ ਦਾਖਲਾ ਫੀਸ ਦਾ RTGS ਨੰਬਰ ਕਿਹੜਾ ਹੈ। ਇਸ ਲਈ ਲੇਟ ਦਾਖਲਿਆਂ ਦੀ ਫੀਸ ਬਾਕੀ ਫੀਸਾਂ ਤੋਂ ਵੱਖਰੇ ਤੌਰ ਤੇ RTGS /Transfer ਕਰਵਾਈ ਜਾਵੇ ਤਾਂ ਜੋ ਅਜਿਹੇ ਲੇਟ ਦਾਖਲਿਆਂ ਦੀ ਪ੍ਰਵਾਨਗੀ ਸਮੇਂ ਔਕੜ ਪੇਸ਼ ਨਾ ਆਵੇ।

24. ਸ਼ਡਿਊਲ ਵਿੱਚ ਕਿਸੇ ਵੀ ਨੁਕਤੇ ਸਬੰਧੀ ਸਪੱਸ਼ਟੀਕਰਨ ਲਈ ਦਫ਼ਤਰ ਦੇ ਫੋਨ ਨੰ: 0175-5136282 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡੀਨ,
ਕਾਲਜ ਵਿਕਾਸ ਕੌਂਸਲ

Govt. Mohindra College
PATIALA

# Punjabi University, Patiala

Constituted under Punjab Act 1961, Number 35)
(College Section)

Number: 7687 Colleges
Date-19/05/2023

To the Principal Directors of all the Colleges/ Constituent Colleges affiliated to the University:

Subject: Important points/ instructions related to admissions to Group Colleges/ Constituent Colleges affiliated to the University during the session 2023-24.

In relation to the above subject, you are informed that the important points regarding the admission schedule during the session 2022-23 are as follows:

A. It will be mandatory to apply for revaluation within 14 days from the date of declaration of result from session 2023-24.
B. The process of applying online for internal assessment and award of students will be done by Controller (Examinations).
C. The Controller (Examinations) will take action to fix the last date for filling the examination form.

   If a student is pursuing a course/ degree through distance education and wants to take admission in the college then he/ she can take admission after obtaining No Objection Certificate from the distance education department and similarly, if a student of the collegewants to do a degree course fromdistance education department, he can take admission only after getting the certificate of No Objection from the college. Theresponsibility of checking their eligibility will be that of the concerned Institution/ College. Such students (semester system only)will not have to pass any deficient papers if the syllabus is the same material but if the syllabus is not the same then the deficient paper will have to be passed.

1. From the session 2023- 24, the students who have re-appeared from 10+2 will not be allowed admission in any class, but the students who have re-appeared by the specified dates can be admitted according to their merit but the approval of the said will be mandatory to take it from the concerned authority as per the date. If a college admits an ineligible student in any class, the admission of such ineligible students will not be granted under any circumstances, canceling the admission of the student, taking strict action against the college, fees/ late fees submitted by the student to the university. The fee refund will not be adjusted and the college will be fined Rs. 50,000/- per student. In case of cancellation of student's admission, if there is a court case, the entire responsibility of this will be of the college/ management.
2. An elective subject in B.A. semester I will be allowed to be changed within four weeks from the date of admission on college level. After this, there will be no provision of changing the subject in any semester of B.A. and no case of changing the subject will be considered by the University.
3. (i) In case of Punjabi Compulsory(Mudla Gyan)instead of Punjabi Compulsory as a subject choice, the choice needs to be mentioned at the entry point who takes admission in the course. Students will be allowed to read/ examine the subject of Mudla Gyan instead of Punjabi Compulsory only as per the conditions mentioned in the Ordinance, i.e. those students who have matriculated from a school/board located in another state outside Punjab and have not studied Punjabi Compulsory in their

Principal
Govt. Mohindra College
PATIALA

Matriculation examination. In case of army persons/ paramilitary personnel ( retired or in service) with two children, they need to produce a valid proof of being in the army or retired. Incomplete cases will not be considered. Apart from this, some colleges send Punjabi Compulsory/ Mudla Gyan cases which are not properly verified on College level i.e. those students who have studied the subject of Punjabi Compulsory are also sent along with Mudla Gyan students due to which, a situation of confusion arises regarding such cases. Colleges are required to check and verify the students' data well before sending it to the University to avoid any confusion.

II. Students who ,after migrating from another university ,take admission in colleges affiliated to Punjabi university Patiala for its purpose, information and approval of deviance papers of such students from the colleges (including copies of certificates and syllabus of both universities ) will have to be sent. If the college has taken approval from the university regarding the examination papers and issued the roll number to these students, appropriate action and penalty will be taken against the college. Colleges are instructed to send these cases with required attested documents only, incomplete cases will not be considered .

Please fill the proforma according to the following columns and attach it to the case:

| S.No | Student Name | Class (Passed) | Uni (from where passed) | Subject list (passed) | Subject (with which to compare ) |
|---|---|---|---|---|---|
| | | | | | |

Series No.3 (i &ii) of the above students should reach the office of the Dean, College . Development Council by the following dates for approval along with complete documents:

| | |
|---|---|
| No late fee | Till 29.9.2023 |
| 3000/ - RS: with late fee | From29.9.2023 to 05.10. 2021 |
| 5000/- Rs: with late fee | 06.10.2023 to 12.10.2023 |

1) Approval cases of Punjabi elementary (Basic Knowledge) instead of Punjabi Compulsory if received after passing of all prescribed dates Rs. 10,000 /- (per student). (2) in case of more than 20 students ( Rs. 100,000 /- fixed ) fine will be levied by the college and in cases of information on defiant papers , in case of receipt of the case after the prescribed dates , it will be RS. 20,000 /- rupees (per student) will also be charged in cases received after the dates.

4. Those students who get government jobs in the last semester under the semester system and the last year courses under the annual system , then those students will be approved after receiving the fee and a copy of the student's appointment letter under the following conditions:-

a) In final semester under semester system and final year courses under annual system those students who get government jobs will be given relaxation in the lectures to appear in the examination regularly.

(b) RS. 10,000/- from such students to appear in the examination as a special case (per student) fee will be charged.

(c) Such students will have to take prior approval from the concerned department as per the conditions mentioned in the appointment letter to appear in the final semester.

Principal
Govt. Mohindra College
PATIALA

examination under the semester system and the final year examination under the annual system.

d) The students of the courses which have practical's shall consult the principal of the college to arrange practical's in extra time or on holidays. Apart from this, the responsibility of sending the internal assessment of the courses in which there is provision of internal assessment will also be of the principal of the concerned college.

e) This facility is available for only last semester under semester system and last year under annual system is for year courses. If the cases of students with more than one semester and year not sent to the college section for approval , these students will not be given approval.

5. Colleges will only admit/migrate students studying courses/subjects which are taught in the respective college. Sometimes colleges give admission to students in different courses and study subjects/ practical subjects contrary to the prescribed norms, due to which problems arise for the students and the university. Admission of students in such cases will not be approved under any circumstances.

5. Students who have appeared in 10+2 examination Punjab School Education Board Mohali, Board of School Education Haryana, Himachal Pradesh Board of School Education ,CBSE Board and ICSE boards, except those who have passed 10+2 and graduation examination from other states then the college will be required to obtain Eligibility Certificate from the Registration Branch before admitting such students. Approval of admissions will not be given by the University in any case. It is clarified that the responsibility of checking the eligibility of regular students will be of the concerned college. For any clarification/ information regarding eligibility contact /correspondence with Deputy Registrar (Registration).

7. If any work is granted permission or any new venture is started in the concerned works then ten days period will be allowed to be admitted without late fee and thereafter with late fee as per schedule. It is also clarified that if the date for filling the return and examination form of any Quorum has passed, the return examination form of those classes shall be submitted to such colleges within three working days without late fee and thereafter with due selection fee must be done.

Here it is clear that if any course, subject is approved after the schedule of admissions. In that case, further action will be taken only after the college completes the lectures of the students admitted in that subject or after the undertaking.

8. Admissions will be made as per the notification issued by the Punjab Government regarding admission to Education/Physical Education/B.PEd/Law Course or any other course. Regarding the admissions to be made on the basis of notification issued by the Punjab Government, after the closure of the counselling by the Punjab Government Coordinator, the colleges are asked to do admissions in the vacant seats in the respective courses at their level. As per the letter issued by the university Admission will be granted with late fee.

Principal
Govt. Mohindra College
PATIALA

9. Only this schedule prescribed by the University will be applicable for MA (Education). In case, the application given by the students after filling 25 seats of MA (Education), the university will appoint a representative. In case the application received more or less than 25 , admission will be granted on merit basis after checking the eligibility criteria.

10. Admission with late fee and permission to study Punjabi Elementary (Basic Knowledge)/Examination List of concerned students (list in basic knowledge case only) will also be mandatory to send on College section E-Mail ID (pup.collesection@pbi.ac.in). In case of not sending soft entries, admission will not be approved. In case of Punjabi elementary (Basic Knowledge) Defence Papers only the data of receipt of hard copy at the University will be considered as late fee. There will be no exemption from late fee based on the date of sending the soft copy by the college.

11. It will be the responsibility of the concerned college to check the eligibility of regular students. For any clarification regarding eligibility, the Deputy Registrar should be contacted.

12. Even the semester admission will be done by the colleges at their own level at the University cases will not be sent for approval and in such cases if the student has a gap period, it will be the responsibility of the college to obtain the necessary documents/self declaration/check the eligibility deadline. Also, if the student fails to appear in one semester's examination, he/she will be re-examined in the next semester. Permission to give examination within semester session is given by the colleges to the students at their own level. Attendance will be processed after fulfilling the eligibility criteria. But if the registration return of the student is not received at the University then the approval will not be given.

13. According to the rules of the Punjab Government, uploading data of the college on AISHE Portal and the colleges are instructed for the information/information requested by the UGC/Punjab Government from time to time that if the colleges do not upload the data by the specific date of the requested information is not sent, the then action will be taken regarding the cancellation of affiliation.

14. Colleges are instructed to deposit the due entry fee payable to the host college by the colleges affiliated to the university participating in the inter-college regional youth fairs.

15. According to the instruction of the Punjab Government, nodal officers have been appointed by the colleges under the Right- to-Service Act to redress the grievances of the students of the various colleges related to the university and to contact the nodal officer appointed at the Punjabi University for redressal of the grievances of these students. In this regard, urgent action has to be taken, but many colleges do not take proper action by not appointing a nodal officer as per the rules. In this regard, the colleges are instructed to ensure that action is taken in compliance with the rules.

16. different agencies from time to time Punjab Government requests information/ information date regarding the number of students enrolled in various courses from the

Principal
Govt. Mohindra College
PATIALA

colleges affiliated to the University, the colleges are instructed that after closing of the admissions, the information/information about the number of students enrolled in various courses must be sent to the college section through email id pup.collegesection@gmail.com. This information is sent according to the following format:

| Name of the Campus | No. of Boys | No. of Girls | Total no. of students | SC category students count | Other categories students count |
|---|---|---|---|---|---|
| | | | | | |

17. Roll numbers of many students are issued without checking their eligibility and later their results become pending. The colleges send such cases of students in their final year of the course. To stop this practice, the colleges are strictly instructed not to admit any student without checking their eligibility.
18. The college section also receives some such cases in which students migrate from other Universities and get admission in colleges affiliated to the University. In such cases, the students are required to pass Deficient Papers (if any). But the examination branch/colleges issue roll numbers to these students without the deficient papers when after passing all the semesters, their result is put on hold by the University. Such cases create a lot of problem/ legal confusion among the students. Colleges are strictly instructed to issue roll numbers to such students only after following prescribed rules.
19. Colleges are instructed not to send any admission case to the college section after the prescribed admission schedule for courses for which admissions are conducted by the Central Admission Agency/ Punjab Government because such admissions are not done by the University.
20. Colleges are directed to admit students to the college as per the prescribed schedule but only RTGS their fees after the prescribed date as per the schedule within the next working dat through the above mentioned method.
21. In continuation of letter No: 10015-15 dated 26/7/10 issued by the office, it is again clarified that out of the seats reserved for various courses; only five seats will be reserved for high category players. There will be no increase in reserved seats.
22. In continuation of letter No: 8096-8244 dated 15/7/08 issued by the office, the colleges are allowed to admit 15% more students than the seats approved by the university. It is clarified that this rule is not applicable in those courses where number of seats are fixed by the Central Agency.
23. in some colleges, admission fees from some function transfer (into the University account) is submitted along with other fees like registration return or examination fee etc. from which it is not clear which amount is paid for what purpose. Therefore, RTGS transfer should be done separately from the other fees to avoid such confusion.
24. For clarification regarding any point mentioned in the schedule, phone number: 0175-5136282 can be contacted.

Gurpreet Singh
Dean
College Development Council
Punjabi University Patiala

Principal
Govt. Mohindra College
PATIALA